StartingBlocks.gov.au

ਘਰ ਅਤੇ ਬਾਲ ਸੰਭਾਲ ਸੇਵਾਵਾਂ ਵਿਚਕਾਰ ਮਜ਼ਬੂਤ ਲਿੰਕਾਂ ਦਾ ਨਿਰਮਾਣ ਕਰਨਾ

ਬੱਚਿਆਂ ਨੂੰ ਉਸ ਸਮੇਂ ਲਾਭ ਹੁੰਦਾ ਹੈ ਜਦ ਉਹਨਾਂ ਦੇ ਘਰ ਅਤੇ ਸਿੱਖਿਆ ਵਿਚਲੇ ਅਤੇ ਬਾਲ ਸੰਭਾਲ ਅਤੇ ਪ੍ਰੀਸਕੂਲ ਸੇਵਾਵਾਂ ਜਿਹੀਆਂ ਸੰਭਾਲ ਸੇਵਾਵਾਂ ਵਿਚਲੇ ਰੁਟੀਨ ਅਤੇ ਤਜ਼ਰਬੇ ਇੱਕੋ ਜਿਹੇ ਅਤੇ ਇੱਕ ਦੂਜੇ ਲਈ ਸਮਰਥਨਕਾਰੀ ਹੁੰਦੇ ਹਨ, ਖਾਸ ਕਰਕੇ ਬਾਲਾਂ ਅਤੇ ਛੋਟੇ ਬੱਚਿਆਂ ਨੂੰ ਲਾਭ ਹੁੰਦਾ ਹੈ, ਜੋ ਪਹਿਲੀ ਵਾਰ ਸਿੱਖਿਆ ਅਤੇ ਸੰਭਾਲ ਨੂੰ ਸ਼ੁਰੂ ਕਰ ਰਹੇ ਹੁੰਦੇ ਹਨ।

ਜਾਣੀ-ਪਛਾਣੀ ਰੁਟੀਨ ਅਤੇ ਰਵਾਇਤਾਂ ਹੋਣਾ ਕਿਸੇ ਬੱਚੇ ਨੂੰ ਅਲਹਿਦਗੀ ਦੀ ਚਿੰਤਾ ਤੋਂ ਮੁਕਤ ਕਰਦਾ ਹੈ ਜਦ ਉਹ ਕਿਤੇ ਵਸੇਬਾ ਕਰਦਾ ਹੈ। ਉਹਨਾਂ ਨੂੰ ਇਹ ਭਵਿੱਖਬਾਣੀ ਕਰਨ ਦੇ ਯੋਗ ਬਣਾਉਂਦਾ ਹੈ ਕਿ ਅੱਗੇ ਕੀ ਹੋਣ ਵਾਲਾ ਹੈ ਅਤੇ ਉਹਨਾਂ ਨੂੰ ਅਜਿਹਾ ਮਹਿਸੂਸ ਕਰਨ ਲਈ ਉਤਸ਼ਾਹਤ ਕਰਦਾ ਹੈ ਜਿਵੇਂ ਉਹਨਾਂ ਦੇ ਵਾਤਾਵਰਣ ਵਿੱਚ ਜੋ ਕੁਝ ਵਾਪਰ ਰਿਹਾ ਹੈ, ਉਸ ਉੱਤੇ ਉਹਨਾਂ ਨੂੰ ਕੰਟਰੋਲ ਹਾਸਲ ਹੋਵੇ।

ਮੇਰੇ ਬੱਚੇ ਦੀ ਆਰੰਭਿਕ ਸਿੱਖਿਆ ਅਤੇ ਸੰਭਾਲ ਵਿੱਚ ਟਿਕਾਊਪਣ ਦਾ ਸਮਰਥਨ ਕਰਨ ਲਈ ਮੈਂ ਕਿਵੇਂ ਮਦਦ ਕਰ ਸਕਦਾ/ਦੀ ਹਾਂ?

- ਉਹਨਾਂ ਤਜ਼ਰਬਿਆਂ ਅਤੇ ਰੁਟੀਨਾਂ ਦੀਆਂ ਕਿਸਮਾਂ ਬਾਰੇ ਕਲਪਨਾ ਕਰੋ ਜਿੰਨ੍ਹਾਂ ਦਾ ਉਸ ਸੇਵਾ ਵਿੱਚ ਤੁਹਾਡੇ ਬੱਚੇ ਨਾਲ ਵਾਸਤਾ ਪੈਣ ਦੀ ਸੰਭਾਵਨਾ ਹੈ
- ਇਸ ਬਾਰੇ ਸੋਚੋ ਕਿ ਕਿਸ ਤਰ੍ਹਾਂ ਰੁਟੀਨ ਘਰ ਵਿੱਚ ਵਾਪਰਦੀਆਂ ਚੀਜ਼ਾਂ ਨਾਲੋਂ ਭਿੰਨ ਹੋ ਸਕਦੀ ਹੈ ਅਤੇ ਤੁਸੀਂ ਸੇਵਾ ਦੀ ਰੁਟੀਨ ਨੂੰ ਸਮਝਣ ਵਿੱਚ ਆਪਣੇ ਬੱਚੇ ਦੀ ਕਿਸ ਤਰ੍ਹਾਂ ਮਦਦ ਕਰ ਸਕਦੇ ਹੋ ਉਦਾਹਰਨ ਲਈ, ਜੇ ਤੁਹਾਡਾ ਬੱਚਾ ਵਿਕਾਸ ਪੱਖੋਂ ਤਿਆਰ ਹੈ ਤਾਂ ਤੁਸੀਂ ਖਾਣੇ ਅਤੇ ਸਨੈਕਸ ਵਾਸਤੇ ਕੁਰਸੀ 'ਤੇ ਬੈਠਣ ਬਾਰੇ ਆਪਣੇ ਬੱਚੇ ਨਾਲ ਗੱਲ ਕਰ ਸਕਦੇ ਹੋ ਜਾਂ ਇਸਦਾ ਅਭਿਆਸ ਕਰ ਸਕਦੇ ਹੋ।
- ਉਹਨਾਂ ਤਜ਼ਰਬਿਆਂ ਬਾਰੇ ਸੇਵਾ ਦੇ ਕਰਮਚਾਰੀਆਂ ਨਾਲ ਜਾਣਕਾਰੀ ਸਾਂਝੀ ਕਰੋ ਜੋ ਤੁਹਾਡੇ ਬੱਚੇ ਦੀ ਰੋਜ਼ਾਨਾ ਰੁਟੀਨ ਵਾਸਤੇ ਮਹੱਤਵਪੂਰਨ ਹਨ – ਤੁਹਾਡੇ ਬੱਚੇ ਦੀਆਂ ਦਿਸ਼ਾਮਾਨ ਮੁਲਾਕਾਤਾਂ (orientation visits) ਗੱਲਬਾਤ ਕਰਨ ਅਤੇ ਜਾਣਕਾਰੀ ਸਾਂਝੀ ਕਰਨ ਲਈ ਵਧੀਆ ਸਮਾਂ ਹੁੰਦੀਆਂ ਹਨ
- ਸੇਵਾ ਦੇ ਕਰਮਚਾਰੀਆਂ ਨੂੰ ਕਿਸੇ ਵਿਸ਼ੇਸ਼ ਸ਼ਬਦਾਂ, ਵਾਕਾਂਸ਼ਾ ਜਾਂ ਦ੍ਰਿਸ਼ਟਾਂਤਕ ਸੰਕੇਤਾਂ ਬਾਰੇ ਦੱਸੋ ਜਿੰਨ੍ਹਾਂ ਦੀ ਵਰਤੋਂ ਤੁਸੀਂ ਘਰ ਵਿਖੇ ਆਪਣੇ ਬੱਚੇ ਨਾਲ ਰੁਟੀਨ ਵਾਸਤੇ ਕਰਦੇ ਹੋ ਉਦਾਹਰਨ ਲਈ ਕੁਝ ਵਿਸ਼ੇਸ਼ ਸ਼ਬਦ ਜਿੰਨ੍ਹਾਂ ਦੀ ਵਰਤੋਂ ਤੁਸੀਂ ਖਾਣਾ ਖੁਆਉਣ ਜਾਂ ਟੱਟੀ-ਪਿਸ਼ਾਬ ਕਰਾਉਣ ਦੌਰਾਨ ਕਰ ਸਕਦੇ ਹੋ।

ਯਾਦ ਰੱਖੋ: ਸੇਵਾ ਵਿੱਚ ਹਾਜ਼ਰੀ ਭਰਦੇ ਸਮੇਂ ਬੱਚੇ ਗਰੁੱਪ ਦਾ ਭਾਗ ਹੋਣਗੇ ਅਤੇ ਕਰਮਚਾਰੀ ਵਿਅਕਤੀਗਤ ਧਿਆਨ ਦੇਵੇਗਾ ਪਰ ਇਹ ਉਸ ਧਿਆਨ ਵਰਗਾ ਨਹੀਂ ਹੋਵੇਗਾ ਜੋ ਉਹ ਘਰ ਵਿਖੇ ਪ੍ਰਾਪਤ ਕਰਦੇ ਹਨ। ਸੇਵਾਵਾਂ ਵਿੱਚ ਕੰਮ ਕਰਦੇ ਕਰਮਚਾਰੀ ਵਾਸਤੇ ਮਿਆਰ ਅਤੇ ਅਧਿਨਿਯਮਾਂ ਨੂੰ ਮੰਨਣਾ ਅਤੇ ਇਸ ਗੱਲ 'ਤੇ ਵਿਚਾਰ ਕਰਨਾ ਲਾਜ਼ਮੀ ਹੈ ਕਿ ਹਰੇਕ ਸਰਗਰਮੀ, ਤਜ਼ਰਬਾ ਅਤੇ ਰੁਟੀਨ ਸਮੁੱਚੇ ਗਰੁੱਪ, ਅਤੇ ਨਾਲ ਹੀ ਨਾਲ ਕਿਸੇ ਵਿਅਕਤੀਗਤ ਬੱਚੇ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਇਕੱਠਿਆਂ ਕੰਮ ਕਰਨ ਦੁਆਰਾ, ਤੁਸੀਂ ਘਰੇ ਅਤੇ ਸੇਵਾ ਵਿਖੇ ਕਾਰਜ ਕਰਨ ਲਈ ਆਪਣੇ ਬੱਚੇ ਵਾਸਤੇ ਰੁਟੀਨ, ਤਜ਼ਰਬਿਆਂ ਅਤੇ ਰਣਨੀਤੀਆਂ ਦੀ ਇਕ ਲੜੀ ਲਾਗੂ ਕਰ ਸਕਦੇ ਹੋ।

ਕਿਸ ਕਿਸਮ ਦੇ ਰੁਟੀਨ ਅਤੇ ਤਜ਼ਰਬੇ ਟਿਕਾਊ ਹੋਣੇ ਚਾਹੀਦੇ ਹਨ?

+ ਵਤੀਰਾ

ਟਿਕਾਊ ਵਤੀਰੇ ਬਾਰੇ ਮਾਰਗ-ਦਰਸ਼ਨ ਸਬੰਧੀ ਰਣਨੀਤੀਆਂ ਦਾ ਹੋਣਾ ਸਪੱਸ਼ਟ ਉਮੀਦਾਂ ਨੂੰ ਸਥਾਪਤ ਕਰਦਾ ਹੈ ਅਤੇ ਬੱਚਿਆਂ ਨੂੰ ਸੀਮਾਵਾਂ ਸਮਝਣ ਵਿੱਚ ਮਦਦ ਕਰਦਾ ਹੈ। ਇਹ ਮਹੱਤਵਪੂਰਨ ਹੈ ਕਿ ਤੁਹਾਡੇ ਪਰਿਵਾਰ ਅਤੇ ਕਰਮਚਾਰੀ ਦੋਨਾਂ ਦੁਆਰਾ ਉਚਿਤ ਵਤੀਰੇ ਦਾ ਰੋਲ ਮਾਡਲ ਪੇਸ਼ ਕੀਤਾ ਜਾਵੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਬੱਚੇ ਨੂੰ ਇਸ ਬਾਰੇ ਟਿਕਾਊ ਸੰਦੇਸ਼ ਪ੍ਰਾਪਤ ਹੁੰਦੇ ਹਨ ਕਿ ਸਵੀਕਾਰ ਕਰਨਯੋਗ ਵਤੀਰਾ ਕੀ ਹੈ।

+ ਨੀਂਦ ਅਤੇ ਆਰਾਮ

ਨੀਂਦ ਅਤੇ ਆਰਾਮ ਬਾਰੇ ਉਸ ਦੀ ਰੁਟੀਨ ਬਾਰੇ ਕਰਮਚਾਰੀਆਂ ਨੂੰ ਦੱਸਣਾ ਸਭ ਤੋਂ ਵਧੀਆ ਰਹਿੰਦਾ ਹੈ ਜਿੰਨ੍ਹਾਂ ਦੀ ਵਰਤੋਂ ਤੁਸੀਂ ਘਰ ਵਿਖੇ ਕਰਦੇ ਹੋ, ਜਿਵੇਂ ਕਿ ਵਰਾਉਣ ਦੀਆਂ ਤਕਨੀਕਾਂ ਅਤੇ ਜੇ ਤੁਹਾਡੇ ਬੱਚੇ ਨੂੰ ਢਾਰਸ ਦੇਣ ਵਾਲੀ ਕੋਈ ਚੀਜ਼ ਹੈ ਜਿਵੇਂ ਕਿ ਕੋਈ ਕੰਬਲ ਜਾਂ ਵਿਸ਼ੇਸ਼ ਖਿਡੌਣਾ। ਆਰਾਮ ਅਤੇ ਨੀਂਦ ਦੇ ਸਮੇਂ ਵਾਸਤੇ ਘਰ ਵਿਖੇ ਵਰਤੇ ਜਾਂਦੇ ਰੁਟੀਨ ਜਾਂ ਰਵਾਇਤਾਂ ਬਾਰੇ ਕਰਮਚਾਰੀਆਂ ਨਾਲ ਗੱਲਬਾਤ ਕਰਨਾ ਮਹੱਤਵਪੂਰਨ ਹੈ। ਸੇਵਾਵਾਂ ਨੂੰ ਵਧੀਆ ਅਭਿਆਸ ਅਤੇ ਸੁਰੱਖਿਅਤ ਸੌਣ ਦੀਆਂ ਦਿਸ਼ਾਵਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ ਅਤੇ ਉਨ੍ਹਾਂ ਨੂੰ ਬੱਚਿਆਂ ਦੇ ਸੌਣ ਅਤੇ ਅਰਾਮ ਸਬੰਧਿਤ ਨੀਤੀਆਂ ਅਪਨਾਉਣ ਦੀ ਲੋੜ ਹੁੰਦੀ ਹੈ।

+ ਧੁੱਪ ਤੋਂ ਸੁਰੱਖਿਆ

ਇਹ ਯਕੀਨੀ ਬਣਾਉਣਾ ਬੇਹੱਦ ਮਹੱਤਵਪੂਰਨ ਹੈ ਕਿ 'ਸਲਿਪ ਸਲੈਪ ਸਲੈਪ' ਸੰਦੇਸ਼ 'ਤੇ ਘਰ ਵਿਖੇ ਅਤੇ ਸੇਵਾ ਵਿਖੇ ਜ਼ੋਰ ਦਿੱਤਾ ਜਾਂਦਾ ਹੈ, ਤਾਂ ਜੋ ਤੁਹਾਡੇ ਬੱਚੇ ਦੀ ਚਮੜੀ ਨੂੰ ਧੁੱਪ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕੇ।

+ ਗੁਸਲਖਾਨੇ ਦੀ ਸਿਖਲਾਈ

ਘਰ ਵਿਖੇ ਅਤੇ ਸੇਵਾ ਵਿਖੇ ਮਦਦ ਕਰਨ ਲਈ ਗੁਸਲਖਾਨਾਂ ਸਿਖਲਾਈ ਦੀ ਰੁਟੀਨ ਅਤੇ ਰਣਨੀਤੀਆਂ ਸਾਂਝੀਆਂ ਕਰੋ ਉਦਾਹਰਨ ਲਈ ਉਹ ਸੰਕੇਤ ਜਿੰਨ੍ਹਾਂ ਦੀ ਪਛਾਣ ਤੁਸੀਂ ਇਹ ਦੱਸਣ ਲਈ ਕਰ ਸਕਦੇ ਹੋ ਕਿ ਤੁਹਾਡੇ ਬੱਚੇ ਨੂੰ ਗੁਸਲਖਾਨੇ ਦੀ ਵਰਤੋਂ ਕਰਨ ਦੀ ਲੋੜ ਹੈ।

+ ਸਾਫ਼-ਸਫ਼ਾਈ

ਆਪਣੇ ਸਾਫ਼-ਸਫ਼ਾਈ ਦੇ ਰੁਟੀਨ ਨੂੰ ਸਾਂਝਾ ਕਰੋ ਉਦਾਹਰਨ ਲਈ ਤੁਹਾਡੇ ਹੱਥਾਂ ਨੂੰ ਧੋਣ ਦਾ ਸਹੀ ਤਰੀਕਾ। ਕਦਮ ਦਰ ਕਦਮ ਪ੍ਰਕਿਰਿਆ ਵਾਸਤੇ www.startingblocks.gov.au ਦੇਖੋ।

ਅਸਰਦਾਰ ਸੰਚਾਰ ਤੁਹਾਡੇ ਬੱਚੇ ਦੇ ਰੁਟੀਨ ਅਤੇ ਤਜ਼ਰਬਿਆਂ ਵਿੱਚ ਟਿਕਾਊਪਣ ਨੂੰ ਕਿਵੇਂ ਉਤਸ਼ਾਹਤ ਕਰਦਾ ਹੈ?

ਘਰ ਅਤੇ ਸੇਵਾ ਦਰਮਿਆਨ ਟਿਕਾਊਪਣ ਬਣਾਈ ਰੱਖਣ ਦੀ ਕੁੰਜੀ ਹੈ ਪਰਿਵਾਰਾਂ, ਕਰਮਚਾਰੀਆਂ ਅਤੇ ਬੱਚਿਆਂ ਵਿਚਕਾਰ ਖੁੱਲ੍ਹਾ ਸੰਚਾਰ। ਇਹ ਅਜਿਹੀਆਂ ਭਾਈਵਾਲੀਆਂ, ਪ੍ਰੋਗਰਾਮ, ਤਜ਼ਰਬਿਆਂ ਅਤੇ ਰੁਟੀਨ ਦਾ ਵਿਕਾਸ ਕਰਨ ਲਈ ਇੱਕ ਮਜ਼ਬੂਤ ਨੀਂਹ ਪ੍ਰਦਾਨ ਕਰਦਾ ਹੈ ਜੋ ਤੁਹਾਡੇ ਬੱਚੇ ਅਤੇ ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ।

ਤੁਹਾਡੇ ਵਾਸਤੇ ਸੇਵਾ ਨੂੰ ਤੁਹਾਡੇ ਬੱਚੇ ਦੇ ਘਰ ਵਿਚਲੇ ਤਜ਼ਰਬਿਆਂ ਬਾਰੇ ਵਰਤਮਾਨ ਜਾਣਕਾਰੀ ਪ੍ਰਦਾਨ ਕਰਾਉਣਾ, ਅਤੇ ਨਾਲ ਹੀ ਤੁਹਾਡੀਆਂ ਲੋੜਾਂ ਜਾਂ ਤੁਹਾਡੇ ਬੱਚੇ ਨੂੰ ਪ੍ਰਭਾਵਿਤ ਕਰ ਰਹੇ ਮਸਲਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਾਉਣਾ ਵੀ ਮਹੱਤਵਪੂਰਨ ਹੈ। ਇਹ ਕਰਮਚਾਰੀਆਂ ਨੂੰ ਇਹ ਸਮਝਣ ਵਿੱਚ ਮਦਦ ਕਰੇਗਾ ਕਿ ਸੇਵਾ ਤੋਂ ਬਾਹਰ ਤੁਹਾਡੇ ਬੱਚੇ ਨਾਲ ਕੀ ਵਾਪਰ ਰਿਹਾ ਹੈ ਅਤੇ ਸੇਵਾ ਵਿਖੇ ਤੁਹਾਡੇ ਬੱਚੇ ਦੇ ਦੈਨਿਕ ਤਜ਼ਰਬਿਆਂ ਅਤੇ ਰੁਟੀਨ ਦੌਰਾਨ ਇਸਦੀ ਪੈਰਵਾਈ ਕਰਨ ਵਿੱਚ ਮਦਦ ਕਰੇਗਾ।

ਸੇਵਾ ਵਿਖੇ ਅਮਲੇ ਦੇ ਨਾਲ ਕਿਸ ਕਿਸਮ ਦੀ ਜਾਣਕਾਰੀ ਸਾਂਝੀ ਕਰਨਾ ਸਹਾਇਕ ਹੁੰਦਾ ਹੈ?

- ਤੁਹਾਡੇ ਬੱਚੇ ਦੀਆਂ ਦਿਲਚਸਪੀਆਂ, ਪਸੰਦਾਂ ਅਤੇ ਨਾ-ਪਸੰਦਾਂ, ਪਸੰਦੀ ਦਾ ਖਿਡਾਉਣਾ, ਸੌਣ, ਖਾਣ ਅਤੇ ਗੁਸਲਖਾਨੇ ਦੀਆਂ ਵੰਨਗੀਆਂ, ਅਤੇ ਵਤੀਰੇ ਸਬੰਧੀ ਕੋਈ ਵੀ ਮਾਰਗ-ਦਰਸ਼ਨ ਜਿਸਦੀ ਵਰਤੋਂ ਤੁਸੀਂ ਘਰ ਵਿਖੇ ਕਰ ਸਕਦੇ ਹੋ
- ਤੁਹਾਡੇ ਬੱਚੇ ਦੀ ਸਿਹਤ ਜਾਂ ਤੰਦਰੁਸਤੀ ਨਾਲ ਸਬੰਧਿਤ ਮਸਲੇ ਉਦਾਹਰਨ ਲਈ ਜੇਕਰ ਵੀਕਇੰਡ ਦੌਰਾਨ ਉਹ ਬਿਮਾਰ ਸੀ।
- ਮਹੱਤਵਪੂਰਨ ਘਟਨਾਵਾਂ ਜੋ ਘਰ ਵਿਖੇ ਵਾਪਰ ਰਹੀਆਂ ਹਨ ਜਿਵੇਂ ਕਿ ਰਿਸ਼ਤੇਦਾਰਾਂ ਵੱਲੋਂ ਫੇਰੀ ਪਾਉਣਾ ਜਾਂ ਮਕਾਨ ਬਦਲੀ ਕਰਨਾ
- ਕੋਈ ਨਵੀਆਂ ਦਿਲਚਸਪੀਆਂ ਜਾਂ ਹੁਨਰ ਜੋ ਤੁਹਾਡਾ ਬੱਚਾ ਵਿਕਸਿਤ ਕਰ ਰਿਹਾ ਹੈ
- ਇੱਕ-ਵਾਰ ਵਾਪਰੀਆਂ ਘਟਨਾਵਾਂ ਜਿੰਨ੍ਹਾਂ ਨੇ ਜਿਕਰਯੋਗ ਤਰੀਕੇ ਨਾਲ ਤੁਹਾਡੇ ਬੱਚੇ ਨੂੰ ਪ੍ਰਭਾਵਿਤ ਕੀਤਾ ਹੈ ਉਦਾਹਰਨ ਲਈ ਕਿਸੇ ਪਾਲਤੂ ਜਾਨਵਰ ਦਾ ਚਲੇ ਜਾਣਾ। ਕਰਮਚਾਰੀ ਤੁਹਾਡੇ ਨਾਲ ਭਾਈਵਾਲੀ ਵਿੱਚ ਕੰਮ ਕਰਨਾ ਚਾਹੇਗਾ ਅਤੇ ਤੁਹਾਡੇ ਬੱਚੇ ਬਾਰੇ ਤੁਹਾਡੇ ਨਾਲ ਬਾਕਾਇਦਾ ਜਾਣਕਾਰੀ ਸਾਂਝੀ ਕਰੇਗਾ। ਇਹ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰ ਸਕਦਾ ਹੈ ਕਿ ਤੁਹਾਡਾ ਬੱਚਾ ਕੁਝ ਵਿਸ਼ੇਸ਼ ਚੀਜ਼ਾਂ ਜਾਂ ਵਿਸ਼ੇਸ਼ ਤਰੀਕਿਆਂ ਨਾਲ ਵਰਤਾਓ ਕਿਉਂ ਕਰ ਰਿਹਾ ਹੈ ਜਦ ਉਹ ਘਰ ਆਉਂਦਾ ਹੈ, ਅਤੇ ਇਹ ਤੁਹਾਨੂੰ ਆਪਣੇ ਬੱਚੇ ਨਾਲ ਉਸ ਦੇ ਦਿਨ ਬਾਰੇ ਅਤੇ ਸੇਵਾ ਵਿੱਚ ਉਸਦੇ ਤਜ਼ਰਬਿਆਂ ਬਾਰੇ ਗੱਲਬਾਤ ਕਰਨ ਵਿੱਚ ਵੀ ਮਦਦ ਕਰ ਸਕਦਾ ਹੈ।

ਸੇਵਾ ਦੇ ਕਰਮਚਾਰੀਆਂ ਵਾਸਤੇ ਕਿਸ ਕਿਸਮ ਦੀ ਜਾਣਕਾਰੀ ਤੁਹਾਡੇ ਨਾਲ ਸਾਂਝੀ ਕਰਨਾ ਸਹਾਇਕ ਹੁੰਦਾ ਹੈ?

- ਜੇ ਤੁਹਾਡਾ ਕੋਈ ਛੋਟਾ ਬੱਚਾ ਹੈ, ਤਾਂ ਉਸਦੇ ਸੌਣ ਖਾਣੇ/ਦੁੱਧ ਪੀਣ ਅਤੇ ਗੁਸਲਖਾਨੇ ਜਾਣ ਬਾਰੇ ਵਿਸਥਾਰ
- ਤੁਹਾਡੇ ਬੱਚੇ ਦੇ ਰੋਜ਼ਾਨਾ ਤਜ਼ਰਬੇ, ਉਹ ਕਿਸ ਨਾਲ ਖੇਡਦਾ ਹੈ, ਉਸ ਨੇ ਕਿਹੜੀ ਚੀਜ਼ ਪਸੰਦ ਕੀਤੀ ਹੈ ਅਤੇ ਕੋਈ ਗੈਰ-ਸਾਧਾਰਨ ਘਟਨਾਵਾਂ ਜਿੰਨ੍ਹਾਂ ਨੇ ਉਸ ਨੂੰ ਪ੍ਰਭਾਵਿਤ ਕੀਤਾ, ਉਦਾਹਰਨ ਲਈ ਕੋਈ ਵਿਸ਼ੇਸ਼ ਕਿਰਿਆ ਜੋ ਵਾਪਰੀ ਹੈ, ਜਿਵੇਂ ਕਿ ਫਾਇਰ ਬ੍ਰਿਗੇਡ ਵੱਲੋਂ ਫੇਰੀ ਪਾਉਣਾ, ਜਾਂ ਕੋਈ ਚੀਜ਼ ਜਿਸਨੇ ਉਸ ਨੂੰ ਪਰੇਸ਼ਾਨ ਕੀਤਾ ਹੋ ਸਕਦਾ ਹੈ, ਜਿਵੇਂ ਕਿ ਕੋਈ ਪਸੰਦੀਦਾ ਖਿਡੌਣਾ ਲੱਭਣ ਦੇ ਯੋਗ ਨਾ ਹੋਣਾ
- ਸੇਵਾ ਵਿਖੇ ਹੋਰਨਾਂ ਬੱਚਿਆਂ ਅਤੇ ਬਾਲਗਾਂ ਦੇ ਨਾਲ ਤੁਹਾਡੇ ਬੱਚੇ ਦੇ ਰਿਸ਼ਤਿਆਂ ਬਾਰੇ ਵਿਸਥਾਰ
- ਤੁਹਾਡੇ ਬੱਚੇ ਦੇ ਸਿੱਖਣ, ਵਿਕਾਸ ਅਤੇ ਦਿਲਚਸਪੀਆਂ ਬਾਰੇ ਪ੍ਰਤੀਕਰਮ
- ਕੋਈ ਸਿਹਤ ਸਬੰਧੀ ਮਸਲੇ ਜਾਂ ਹਾਦਸਿਆਂ ਜਾਂ ਸੱਟਾਂ ਦੇ ਵਿਸਥਾਰ।